# Code No. 7260

*Roll No. ………………………..*

***SET : A***

## D. El. Ed. 2nd Year Exam., September – 2025

## Pedagogy of Punjabi Language

## पंजाबी भाषा का अध्यापन

## (Course Code : DE-210)

(Only for Fresh/Re-appear Candidates)

**[ Evening Session ]**

*Time : 2 Hours ]* *[ Max. Marks : 35*

***समय** : 2 **घण्टे** ]* *[ **अधिकतम अंक** : 35*

---

***सामान्य निर्देश :***

*(i)* *कृपया जाँच कर लें कि इस प्रश्न-पत्र में मुद्रित पृष्ठ 7 तथा प्रश्न 21 हैं।*

*(ii)* *प्रश्न-पत्र में दाहिने हाथ की ओर दिये गये **कोड नम्बर** तथा **सेट** को छात्र उत्तर-पुस्तिका के मुख्य-पृष्ठ पर लिखें।*

*(iii)* *कृपया प्रश्न का उत्तर लिखना शुरू करने से पहले, प्रश्न का क्रमांक अवश्य लिखें।*

*(iv)* *उत्तर-पुस्तिका के बीच में खाली पन्ना/पन्ने न छोड़ें।*

*(v)* *उत्तर-पुस्तिका के अतिरिक्त कोई अन्य शीट नहीं मिलेगी। अतः आवश्यकतानुसार ही लिखें और लिखा उत्तर न काटें।*

*(vi)* *परीक्षार्थी अपना रोल नं० प्रश्न-पत्र पर अवश्य लिखें। रोल नं० के अतिरिक्त प्रश्न-पत्र पर अन्य कुछ भी न लिखें और वैकल्पिक प्रश्नों के उत्तरों पर किसी प्रकार का निशान न लगाएँ।*

(vii) *कृपया प्रश्नों का उत्तर देने से पूर्व सुनिश्चित कर लें कि प्रश्न-पत्र पूर्ण व सही है,* ***परीक्षा के उपरान्त इस सम्बन्ध में कोई दावा स्वीकार नहीं किया जायेगा।***

(viii) ***सभी प्रश्न अनिवार्य हैं।***

(ix) *3 अंक के प्रत्येक प्रश्न का उत्तर लगभग 50 शब्दों में तथा 5 अंक के प्रश्न का उत्तर लगभग 75 शब्दों में दीजिए।*

---

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

**ਯੂਨਿਟ – ਪਹਿਲਾ**

**1.** 'ਵਾਰਤਕ ਸਿੱਖਿਆ' ਦੇ ਸੰਦਰਭ ਵਿੱਚ ਕਿਹੜੀ ਵਿਧੀ ਅਸੰਗਤ ਹੈ? 1

(ੳ) ਬਿਰਤਾਂਤ ਵਿਧੀ

(ਅ) ਸ਼ਬਦਾਰਥ ਵਿਧੀ

(ੲ) ਖੇਡ ਵਿਧੀ

(ਸ) ਪੜ੍ਹਨ ਵਿਧੀ

**2.** ਕਵਿਤਾ ਅਧਿਆਪਨ ਵਿੱਚ ਉਦੇਸ਼ਾਂ ਦਾ ਸਹੀ ਕ੍ਰਮ ਚੁਣੋ : 1

(ੳ) ਸਧਾਰਨ ਉਦੇਸ਼, ਵਿਸ਼ੇਸ਼ ਉਦੇਸ਼

(ਅ) ਵਿਸ਼ੇਸ਼ ਉਦੇਸ਼, ਸਧਾਰਨ ਉਦੇਸ਼

(ੲ) ਇਹਨ੍ਹਾਂ ਵਿੱਚੋਂ ਕੋਈ ਵੀ ਨਹੀਂ

(ਸ) 'ੳ' ਅਤੇ 'ਅ' ਦੋਵੇਂ ਹੀ ਠੀਕ ਹਨ

**3.** ਆਦਰਸ਼ ਪਾਠ ਅਤੇ ਅਨੁਕਰਨ ਪਾਠ ਵਾਰਤਕ ਸਿੱਖਿਆ ਦੇ ਕਿਸ ਅੰਗ ਵਿੱਚ ਸ਼ਾਮਿਲ ਹਨ? 1

(ੳ) ਪ੍ਰਸ਼ਨ-ਉੱਤਰ

(ਅ) ਵਿਚਾਰ ਵਿਸ਼ਲੇਸ਼ਣ

(ੲ) ਅੰਤਮ-ਦੁਹਰਾਈ

(ਸ) ਪੜ੍ਹਨਾ

**4.** ਕਵਿਤਾ ਸਿੱਖਿਆ ਵਿੱਚ ਉਚਾਰਨ ਦੀ ਕੀ ਭੂਮਿਕਾ ਹੁੰਦੀ ਹੈ? 1

(ੳ) ਇਹ ਕਵਿਤਾ ਨੂੰ ਰਿਵਾਇਤੀ ਬਣਾਉਂਦਾ ਹੈ।

(ਅ) ਇਹ ਸਿਰਫ਼ ਆਵਾਜ਼ ਉੱਤੇ ਜ਼ੋਰ ਦਿੰਦਾ ਹੈ।

(ੲ) ਇਹ ਰਸ ਅਤੇ ਸੰਗੀਤਮਈ ਅਨੁਭੂਤੀ ਪੈਦਾ ਕਰਦਾ ਹੈ।

(ਸ) ਇਹ ਕਵਿਤਾ ਨੂੰ ਜਟਿਲ ਬਣਾਉਂਦਾ ਹੈ।

**5.** ਕਾਵਿ ਸਿੱਖਿਆ ਲਈ ਗੀਤ ਤੇ ਨਾਟ ਵਿਧੀ ਦੀ ਮਹੱਤਤਾ ਉੱਤੇ ਸੰਖੇਪ ਵਿੱਚ ਚਰਚਾ ਕਰੋ। 3

**6.** ਵਾਰਤਕ ਸਿੱਖਿਆ ਤੋਂ ਕੀ ਭਾਵ ਹੈ? ਇਸ ਦੇ ਉਦੇਸ਼ ਅਤੇ ਮਹੱਤਵ ਉੱਪਰ ਚਾਨਣਾ ਪਾਓ। 3

## ਯੂਨਿਟ – ਦੂਜਾ

**7.** ਮੌਨ-ਪਾਠ ਕਿਵੇਂ ਕੀਤਾ ਜਾਂਦਾ ਹੈ? 1

(ੳ) ਉੱਚੀ ਆਵਾਜ਼ ਵਿੱਚ ਪੜ੍ਹ ਕੇ

(ਅ) ਦੁਹਰਾਈ ਕਰਕੇ

(ੲ) ਮਨ ਵਿੱਚ ਚੁੱਪਚਾਪ ਪੜ੍ਹ ਕੇ

(ਸ) ਗਰੁੱਪ ਵਿੱਚ ਪੜ੍ਹ ਕੇ

**8.** ਸਧਾਰਨ ਅਧਿਐਨ ਲਈ ਵਰਤੀਆਂ ਜਾਂਦੀਆਂ ਪੁਸਤਕਾਂ ਨੂੰ ਕੀ ਕਿਹਾ ਜਾਂਦਾ ਹੈ? 1

(ੳ) ਮੂਲ ਪਾਠ-ਪੁਸਤਕਾਂ

(ਅ) ਸਹਾਇਕ ਪਾਠ-ਪੁਸਤਕਾਂ

(ੲ) ਲੇਖ ਪੁਸਤਕਾਂ

(ਸ) ਕਾਵਿ-ਸੰਗ੍ਰਹਿ

**9.** ਸਿੱਖਿਆ ਉਦੇਸ਼ਾਂ ਦੀ ਪ੍ਰਾਪਤੀ ਵਿੱਚ ਚਾਰਟ ਦੀ ਭੂਮਿਕਾ ਨੂੰ ਕਿਵੇਂ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ? 3

**10.** ਵਿਦਿਆਰਥੀਆਂ ਵਿੱਚ ਪੜ੍ਹਨ ਕੌਸ਼ਲ ਵਿਕਸਿਤ ਕਰਨ ਲਈ ਸੂਖਮ ਤੇ ਸਥੂਲ ਵਾਚਨ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ? 5

**ਜਾਂ**

ਪਾਠ-ਪੁਸਤਕ ਤੋਂ ਕੀ ਭਾਵ ਹੈ? ਸਿੱਖਿਆ ਉਦੇਸ਼ਾਂ ਦੀ ਪ੍ਰਾਪਤੀ ਲਈ ਇਸਦੇ ਮਹੱਤਵ ਨੂੰ ਸਪੱਸ਼ਟ ਕਰੋ।

## ਯੂਨਿਟ – ਤੀਜਾ

**11.** 'ਮੁਲਾਂਕਣ ਵਿੱਚ ਨਤੀਜਾ ਸਥਿਰ ਤੇ ਪੱਕਾ ਹੋਣਾ ਚਾਹੀਦਾ ਹੈ।' ਇਹ ਗੁਣ ਮੁਲਾਂਕਣ ਦੀ ਕਿਸ ਵਿਸ਼ੇਸ਼ਤਾ ਵੱਲ ਇਸ਼ਾਰਾ ਕਰਦਾ ਹੈ? 1

(ੳ) ਪ੍ਰਮਾਣਿਕਤਾ

(ਅ) ਵਿਆਪਕਤਾ

(ੲ) ਵਸਤੂਨਿਸ਼ਠਤਾ

(ਸ) ਵਿਸ਼ਵਾਸਯੋਗਤਾ

**12.** ਮੌਖਿਕ ਪ੍ਰੀਖਿਆ ਰਾਹੀਂ ਵਿਦਿਆਰਥੀਆਂ ਦੇ ਕਿਸ ਗੁਣ ਦੀ ਪਰਖ ਕੀਤੀ ਜਾਂਦੀ ਹੈ? 1

(ੳ) ਲਿਖਣ ਦੀ ਯੋਗਤਾ

(ਅ) ਮੌਖਿਕ ਪ੍ਰਗਟਾਅ ਦੀ ਯੋਗਤਾ

(ੲ) ਯਾਦ ਕਰਨ ਦੀ ਯੋਗਤਾ

(ਸ) ਵਿਗਿਆਨਕ ਜਾਣਕਾਰੀ

**13.** ਜਾਂਚ ਸੂਚੀ ਕਿਸ ਤਰ੍ਹਾਂ ਦੀ ਪ੍ਰੀਖਿਆ ਨਾਲ ਸੰਬੰਧਿਤ ਹੈ? 1

(ੳ) ਪਰਿਮਾਣਾਤਮਿਕ ਪ੍ਰੀਖਿਆਵਾਂ

(ਅ) ਆਲੋਚਨਾਤਮਿਕ ਪ੍ਰੀਖਿਆਵਾਂ

(ੲ) ਗੁਣਾਤਮਿਕ ਪ੍ਰੀਖਿਆਵਾਂ

(ਸ) ਉਪਰੋਕਤ ਸਾਰੇ ਹੀ ਠੀਕ ਹਨ

**14.** ਵਿਦਿਆਰਥੀਆਂ ਦੀ ਯਾਦ ਸ਼ਕਤੀ ਨੂੰ ਮਾਪਣ ਲਈ ਕਿਹੜੀ ਪ੍ਰਸ਼ਨ ਸ਼ੈਲੀ ਵਰਤੀ ਜਾਂਦੀ ਹੈ? 1

(ੳ) ਪੁਨਰ-ਸਿਮਰਤੀ

(ਅ) ਸਚ-ਝੂਠ

(ੲ) ਮੇਲ ਕਰੋ

(ਸ) ਬਹੁ-ਵਿਕਲਪੀ

**15.** ਮੁਲਾਂਕਣ ਸ਼ਬਦ ਕਿਹੜੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ? 1

(ੳ) ਮੁੱਲ + ਅੰਕਣ (ਅ) ਮੁੱਲ + ਅਨੁਮਾਨ

(ੲ) ਅੰਕਣ + ਪ੍ਰੀਖਿਆ (ਸ) ਮੁੱਲ + ਪ੍ਰੀਖਿਆ

**16.** ਰਚਨਾਤਮਕ ਮੁਲਾਂਕਣ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ। 3

## ਯੂਨਿਟ – ਚੌਥਾ

**17.** ਮੈਕਰੋ ਪਾਠ-ਯੋਜਨਾ ਆਮ ਤੌਰ ਉੱਤੇ ਕਿੰਨੇ ਸਮੇਂ ਲਈ ਤਿਆਰ ਕੀਤੀ ਜਾਂਦੀ ਹੈ? 1

(ੳ) 15-20 ਮਿੰਟ

(ਅ) 20-25 ਮਿੰਟ

(ੲ) 40-45 ਮਿੰਟ

(ਸ) 90-120 ਮਿੰਟ

**18.** ਤਖ਼ਤੀਆਂ ਦੀ ਬਣਤਰ ਵਿੱਚ ਕਿਹੜੀ ਚੁਣੌਤੀ ਆਮ ਤੌਰ ਉੱਤੇ ਆਉਂਦੀ ਹੈ? 1

(ੳ) ਸਮੱਗਰੀ ਦੀ ਜਟਿਲਤਾ ਨੂੰ ਸਧਾਰਨ ਬਣਾਉਣਾ

(ਅ) ਵਿਦਿਆਰਥੀਆਂ ਨੂੰ ਸਮਝਾਉਣਾ

(ੲ) ਪ੍ਰੀਖਿਆ ਕਰਨਾ

(ਸ) ਪਾਠ-ਯੋਜਨਾ ਬਣਾਉਣਾ

**19.** ਕਲਾਸ ਰੂਮ ਕੇਂਦਰਿਤ ਸਹਾਇਕ ਸਮੱਗਰੀ ਦਾ ਉਦਾਹਰਨ ਹੈ : 1

(ੳ) ਪ੍ਰੀਖਿਆ ਪੱਤਰ

(ਅ) ਰਿਪੋਰਟ ਕਾਰਡ

(ੲ) ਪਾਠ-ਪੁਸਤਕ

(ਸ) ਚਾਰਟ

**20.** ਪਾਠ-ਯੋਜਨਾ ਵਿੱਚ ਪੂਰਵ ਗਿਆਨ ਪ੍ਰੀਖਿਆ ਕਿਸ ਦੌਰਾਨ ਕੀਤੀ ਜਾਂਦੀ ਹੈ? 1

(ੳ) ਪਾਠ ਸਮਾਪਤੀ ਉੱਤੇ

(ਅ) ਪਾਠ ਸ਼ੁਰੂ ਹੋਣ ਤੋਂ ਪਹਿਲਾਂ

(ੲ) ਘਰ ਦੇ ਕੰਮ ਦੌਰਾਨ

(ਸ) ਗਤੀਵਿਧੀ ਸਮੇਂ

**21.** ਪੰਜਾਬੀ ਭਾਸ਼ਾ ਦੀ ਅੱਠਵੀਂ ਜਮਾਤ ਦੀ ਵਿਆਕਰਨ ਵਿੱਚੋਂ ਕਿਸੇ ਵੀ ਵਿਸ਼ੇ ਉੱਤੇ ਪਾਠ-ਯੋਜਨਾ ਤਿਆਰ ਕਰੋ। 3

---